# ਗੁਲਾਬੀ ਪੱਗ

ਗੁਰਸ਼ਰਨ ਸਿੰਘ

## ਮੇਰੀ ਨਾਟਕ ਡਾਇਰੀ

### ਆਖਰੀ ਕਿਸ਼ਤ

ਸਮਕਾਲੀ ਪੰਜਾਬ ਦੀ ਤ੍ਰਾਸਦੀ ਬਾਰੇ ਮੇਰੇ ਲਿਖੇ ਬਹੁਤ ਸਾਰੇ ਨਾਟਕਾਂ ਵਿਚੋਂ ਇਹ ਨਾਟਕ ਸਾਰਿਆਂ ਨਾਲੋਂ ਪਿੱਛੋਂ ਦਾ ਲਿਖਿਆ ਹੋਇਆ ਹੈ। ਇਸ ਦੀ ਪਹਿਲੀ ਪੇਸ਼ਕਾਰੀ ਮੈਂ 22 ਸਤੰਬਰ, 1991 ਨੂੰ ਦੇਸ਼ ਭਗਤ ਹਾਲ ਜਲੰਧਰ ਵਿਖੇ ਕੀਤੀ ਅਤੇ ਫੇਰ 19 ਅਕਤੂਬਰ 1991 ਇਸ ਨੂੰ ਮੋਹਨ ਸਿੰਘ ਮੇਲੇ 'ਤੇ ਖੁੱਲ੍ਹੇ ਮੰਚ 'ਤੇ ਖੇਡਿਆ। ਇਹ ਨਾਟਕ ਸਮਕਾਲੀ ਪੰਜਾਬ ਵਿਚ ਇਕ ਪਿੰਡ ਦੀ ਕਹਾਣੀ ਹੈ। ਅੱਜ ਦੇ ਪੰਜਾਬ ਦਾ ਇਕ ਦੁਖਾਂਤ ਇਸ ਵੇਲੇ ਇਹ ਹੈ ਕਿ ਸਾਧਾਰਨ ਬੰਦਾ ਚੱਕੀ ਦੇ ਦੋ ਪੁੜਾਂ ਵਿਚ ਪੀਸਿਆ ਜਾ ਰਿਹਾ ਹੈ। ਇਕ ਪਾਸੇ ਸਰਕਾਰ ਦੀ ਦਹਿਸ਼ਤ ਹੈ ਤੇ ਦੂਜੇ ਪਾਸੇ ਲੁੱਟਾਂ-ਖੋਹਾਂ ਕਰਨ ਵਾਲਿਆਂ ਦੀ ਦਹਿਸ਼ਤ ਹੈ। ਇਸ ਦਹਿਸ਼ਤ ਭਰੇ ਵਾਤਾਵਰਣ ਵਿਚ ਵੀ ਪੰਜਾਬ ਦੇ ਲੋਕ ਭਰਪੂਰ ਜੀਵਨ ਜੀਣ ਦੀ ਤਾਂਘ ਰੱਖਦੇ ਹਨ। ਉਹ ਵੱਡੀ ਗਿਣਤੀ ਵਿਚ ਆਪਣੇ ਲੋਕ ਗਾਇਕਾਂ ਦੇ ਗੀਤ ਸੁਣਦੇ ਹਨ। ਭੰਗੜਾ ਪਾਉਂਦੇ ਤੇ ਨੱਚਦੇ ਹਨ। ਇਸ ਨਾਟਕ ਦਾ ਵਿਸ਼ਾ ਵੀ ਇਹ ਹੈ ਕਿ ਵਰ੍ਹਦੀਆਂ ਗੋਲੀਆਂ ਵਿਚ ਵੀ ਜ਼ਿੰਦਗੀ ਆਪਣੀ ਮੱਟਕ ਕਾਇਮ ਰੱਖਦੀ ਹੈ ਤੇ ਸ਼ਗਨਾਂ ਭਰੀ ਗੁਲਾਬੀ ਪੱਗ ਆਪਣੇ ਸਿਰ 'ਤੇ ਰੱਖਣ ਦਾ ਸਾਹਸ ਕਰਦੀ ਹੈ। ਇਹ ਸਾਹਸ ਹੀ ਆਉਣ ਵਾਲੀ ਚੰਗੀ ਜ਼ਿੰਦਗੀ ਲਈ ਉਮੀਦ ਹੈ।

ਨਾਟਕ ਦੀ ਕਹਾਣੀ ਇਕ ਦਰਮਿਆਨੀ ਕਿਸਾਨੀ ਦੇ ਇਕ ਟੱਬਰ ਦੀ ਕਹਾਣੀ ਹੈ। ਟੱਬਰ ਦਾ ਮੁਖੀ ਇਕ ਮਿਹਨਤੀ ਕਿਸਾਨ ਹੈ। ਉਹ ਪੀਣ ਦਾ ਸ਼ੌਕੀਨ ਹੈ ਪਰ ਇਸ ਪੀਣ ਬਾਰੇ ਉਹਦਾ ਫਲਸਫਾ ਹੈ ਕਿ ਉਹ ਆਪਣੇ ਦੁਖ ਭੁਲਾਉਣ ਲਈ ਪੀਂਦਾ ਹੈ। ਦੁਖ ਉਹਨੂੰ ਵੱਡਾ ਇਹ ਹੈ ਕਿ ਇੰਨੀ ਮਿਹਨਤ ਕਰਨ ਦੇ ਬਾਵਜੂਦ ਵੀ ਉਸ ਦੇ ਸਿਰ 'ਤੇ ਕਰਜ਼ਿਆਂ ਦਾ ਭਾਰ ਵਧਦਾ ਜਾਂਦਾ ਹੈ। ਉਹਦੇ ਨਾਲ ਉਹਦਾ ਦੁਖ ਸਾਂਝਾ ਕਰਨ ਵਾਲੀ ਉਹਦੀ ਪਤਨੀ ਹੈ। ਵਿਆਹੁਣ ਵਾਲੀ ਉਮਰ ਦੇ ਧੀ ਹੈ ਜੋ ਕਿ ਧਾਗਾ ਫੈਕਟਰੀ ਵਿਚ ਕੰਮ ਕਰਦੀ ਹੈ। ਉਹਦੀ ਕਾਰਖਾਨੇ ਵਿਚ ਕੰਮ ਕਰਨ ਦੀ ਮਜਬੂਰੀ ਵੀ ਉਹਦੇ ਬਾਪੂ ਦੇ ਅਚੇਤ ਮਨ 'ਤੇ ਇਕ ਸੂਲ ਹੈ ਇਸ ਸੂਲ ਦੀ ਪੀੜ ਮਹਿਸੂਸ ਕਰਦੇ ਹੋਏ ਹੀ ਉਹ ਪੀ ਕੇ ਬਾਕੀ ਪਿੰਡ ਵਾਲਿਆਂ ਨੂੰ ਗਾਲ੍ਹਾਂ ਕੱਢਦਾ ਹੈ ਜਦੋਂ ਕਿ ਉਹ ਇਹ ਵੀ ਜਾਣਦਾ ਹੈ ਕਿ ਅੱਜ ਦੇ ਸਮੇਂ ਵਿਚ ਕੁੜੀਆਂ ਕਾਰਖਾਨਿਆਂ ਵਿਚ ਕੰਮ ਕਰਨਗੀਆਂ ਤੇ ਇਸ ਵਿਚ ਕੋਈ ਨਮੋਸ਼ੀ ਵਾਲੀ ਗੱਲ ਨਹੀਂ। ਟੱਬਰ ਦਾ ਨੌਜਵਾਨ ਮੁੰਡਾ ਭਿੰਦੀ ਹੈ, ਜੋ ਜ਼ਿੰਦਗੀ ਦੀਆਂ ਨਰੋਈਆਂ ਕਦਰਾਂ ਕੀਮਤਾਂ ਦੀ ਰਾਖੀ ਕਰਨਾ ਚਾਹੁੰਦਾ ਹੈ। ਉਹਦਾ ਯਕੀਨ ਹੈ ਕਿ ਨੌਜਵਾਨਾਂ ਦਾ ਆਪਣੇ ਹਿਤਾਂ ਲਈ ਸੰਘਰਸ਼ ਕਰਨਾ ਉਨ੍ਹਾਂ ਦਾ ਹੱਕ ਹੈ ਪਰ ਇਸ ਸੰਘਰਸ਼ ਵਿਚ ਜੇ ਬੇਦੋਸ਼ਿਆਂ ਦਾ ਕਤਲ ਸ਼ਾਮਲ ਹੋ ਜਾਏ ਤਾਂ ਇਹ ਸੰਘਰਸ਼ ਗੈਰ-ਇਖਲਾਕੀ ਹੈ। ਇਸ ਤਰ੍ਹਾਂ ਜੇਕਰ ਕਾਨੂੰਨ ਦੇ ਰਖਵਾਲੇ ਕਾਨੂੰਨ ਦੇ ਵਿਰੁੱਧ ਕੋਈ ਗੱਲ ਕਰਨ ਤਾਂ ਸਾਧਾਰਨ ਲੋਕਾਂ ਦਾ ਫਰਜ਼ ਹੈ ਕਿ ਉਹ ਲਾਮਬੰਦ ਹੋ ਕੇ ਉਨ੍ਹਾਂ ਦੀ ਮੁਖਾਲਫਤ ਕਰਨ। ਇਕ ਬਜ਼ੁਰਗ ਮਾਸਟਰ ਹੈ, ਜਿਸ ਦੇ ਬਹੁਤ ਸਾਰੇ ਹੋਣਹਾਰ ਸਾਬਕਾ ਵਿਦਿਆਰਥੀ ਮੌਜੂਦਾ ਖੂਨੀ ਵਾਤਾਵਰਨ ਵਿਚ ਇਕ ਪਾਸੇ ਜਾਂ ਦੂਜੇ ਤੋਂ ਮਾਰੇ ਹੈ।



ਨਾਟਕ 'ਗੁਲਾਬੀ ਪੱਗ' ਦਾ ਇਕ ਦ੍ਰਿਸ਼।

ਗਏ ਹਨ। ਉਹਦਾ ਦੁੱਖ ਪੰਜਾਬ ਦੀ ਧਰਤੀ ਦੇ ਦੁਖ ਨੂੰ ਮੂਰਤੀਮਾਨ ਕਰਦਾ ਹੈ। ਨਾਟਕ ਵਿਚ ਉਹ ਆਵਾਜ਼ ਪੰਜਾਬ ਦੀ ਬਜ਼ੁਰਗੀ ਦੀ ਸਿਆਣਪਤਾ ਦੀ ਆਵਾਜ਼ ਹੈ।

ਨਾਟਕ ਦੇ ਪਹਿਲੇ ਭਾਗ ਵਿਚ ਜਿਥੇ ਪਾਤਰਾਂ ਦੇ ਬਾਰੇ ਪਹਿਚਾਣ ਹੋ ਜਾਂਦੀ ਹੈ ਉਥੇ ਇਹ ਵੀ ਸਾਫ ਹੋ ਜਾਂਦਾ ਹੈ ਕਿ ਨੌਜਵਾਨ ਭਿੰਦੀ ਪੰਜਾਬ ਦੀ ਹਾਲਤ ਬਾਰੇ ਬੜਾ ਫਿਕਰਮੰਦ ਹੈ। ਉਸ ਨੂੰ ਇਸ ਗੱਲ ਦਾ ਦੁਖ ਹੈ ਕਿ ਕੁਝ ਚਿਰ ਬਾਅਦ ਪਹਿਲੇ ਪੰਜਾਬ ਦੇ ਉਨ੍ਹਾਂ ਨੌਜਵਾਨਾਂ ਨੇ ਜੋ ਕਿ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਸਬੰਧ ਰੱਖਦੇ ਸਨ, ਤੇ ਜਿਨ੍ਹਾਂ ਨੇ ਇਕ ਚੰਗੇ ਸਮਾਜ ਲਈ ਸੰਘਰਸ਼ ਆਰੰਭ ਸਨ, ਉਹ ਹੁਣ ਦੇ ਫਿਰਕੂ ਵਾਤਾਵਰਣ ਵਿਚ ਆਪਸ ਵਿਚ ਵੰਡੇ ਗਏ ਹਨ। ਇਕ ਸਥਾਨਕ ਝੜਪ ਵਿਚ ਉਹ ਥਾਣੇਦਾਰ ਦੀ ਨਾਰਾਜ਼ਗੀ ਮੁੱਲ ਲੈ ਲੈਂਦਾ ਹੈ ਕਿਉਂਕਿ ਉਹ ਪੁਲੀਸ ਦੇ ਇਸ ਕਦਮ ਦੀ ਵਿਰੋਧਤਾ ਕਰਦਾ ਹੈ ਕਿ ਜੇਕਰ ਕੋਈ ਰੂਪੋਸ਼ ਨੌਜਵਾਨ ਲੱਭਦਾ ਨਹੀਂ ਤਾਂ ਪੁਲੀਸ ਦਾ ਕੋਈ ਹੱਕ ਨਹੀਂ ਕਿ ਉਹ ਨੌਜਵਾਨ ਦੇ ਘਰ ਦੇ ਜੀਆਂ ਨੂੰ ਤੰਗ ਕਰੇ। ਭਿੰਦੀ ਨੌਜਵਾਨਾਂ ਦੀ ਨਰਾਜ਼ਗੀ ਦਾ ਸ਼ਿਕਾਰ ਹੈ ਕਿਉਂਕਿ ਉਹਨੇ ਉਨ੍ਹਾਂ ਵਲੋਂ ਸਰਪੰਚ ਨੂੰ ਕਤਲ ਕੀਤੇ ਜਾਣ ਦੀ ਵੀ ਨਿਖੇਧੀ ਕੀਤੀ ਹੈ ਕਿਉਂਕਿ ਕਿਹਾ ਇਹ ਗਿਆ ਕਿ ਪੁਲੀਸ ਜਦੋਂ ਪਿੰਡ ਆਈ ਤਾ ਸਰਪੰਚ ਨੇ ਪੁਲੀਸ ਕਾਰਵਾਈ ਦੀ ਵਿਰੋਧਤਾ ਕਿਉਂ ਨਹੀਂ ਕੀਤੀ। ਇਨ੍ਹਾਂ ਦੋਹਾਂ ਤਾਕਤਾਂ ਦੀ ਕਿਸੇ ਅਣਕਿਆਸੀ ਕਾਰਵਾਈ ਤੋਂ ਬਚਣ ਲਈ ਭਿੰਦੀ ਵੀ ਰੂਪੋਸ਼ ਹੋਣ 'ਤੇ ਮਜਬੂਰ ਹੋ ਜਾਂਦਾ ਹੈ। ਨਾਟਕ ਦਾ ਸਿਖਰ ਹੈ ਜਦੋਂ ਭਿੰਦੀ ਭੈਣ ਦੇ ਵਿਆਹ 'ਤੇ ਆਉਂਦਾ ਹੈ ਤੇ ਆਪਣੇ ਪਿਤਾ ਦੇ ਸਿਰ 'ਤੇ ਗੁਲਾਬੀ ਪੱਗ ਬੰਨ੍ਹ ਕੇ ਜ਼ਿੰਦਗੀ ਦੀ ਮਟਕ ਨੂੰ ਆਖਰੀ ਸਲਾਮ ਕਹਿੰਦਾ

ਇਹ ਨਾਟਕ ਜਦੋਂ ਲੁਧਿਆਣੇ ਖੇਡਿਆ ਗਿਆ। ਤਾਂ ਅਥਾਹ ਗਿਣਤੀ ਵਿਚ ਹਾਜ਼ਰ ਦਰਸ਼ਕਾਂ ਵਲੋਂ ਇਸ ਨੂੰ ਬੜਾ ਭਾਰੀ ਹੁੰਗਾਰਾ ਮਿਲਿਆ ਕਿਉਂਕਿ ਹਰ ਇਕ ਵਾਰਤਾਲਾਪ ਪੰਜਾਬ ਦੇ ਲੋਕਾਂ ਦੇ ਹਾਵਾ-ਭਾਵਾਂ ਦੀ ਤਰਜਮਾਨੀ ਕਰਦੀ ਸੀ ਤੇ ਉਨ੍ਹਾਂ ਮਸਲਿਆਂ ਬਾਰੇ ਖੁਲ੍ਹ ਕੇ ਗੱਲ ਕਰਦਾ ਸੀ ਜੋ ਦਹਿਸ਼ਤ ਦੇ ਵਾਤਾਵਰਣ ਕਰ ਕੇ ਲੋਕਾਂ ਦੇ ਸੀਨਿਆਂ ਵਿਚ ਦਬ ਕੇ ਰਹਿ ਗਏ ਹਨ। ਨਾਟਕ ਵਿਚ ਬਾਪ ਵਲੋਂ ਬੋਲਿਆ ਇਕ ਵਾਰਤਾਲਾਪ ਆਉਂਦਾ ਹੈ, ਜਿਸ ਵਿਚ ਉਹਨੂੰ ਥਾਣੇ ਬਿਠਾਈ ਰੱਖਣ ਦੀ ਪੁਲੀਸ ਵਲੋਂ ਧਮਕੀ ਹੈ, ਜੋ ਉਹਦੇ ਉਤੇ ਭਿੰਦੀ ਨੂੰ ਪੇਸ਼ ਕਰਨ ਲਈ ਦਬਾਅ ਪਾ ਰਹੇ ਹਨ। ਬਾਪ ਦੇ ਮੂੰਹੋਂ ਇਹ ਸ਼ਬਦ ਨਿਕਲਦੇ ਹਨ ਕਿ ਦੀਪੀ ਦਾ ਵਿਆਹ ਹੋ ਜਾਵੇ ਤਾਂ ਫੇਰ ਪੱਕੇ ਤੌਰ 'ਤੇ ਭਾਵੇਂ ਉਹਨੂੰ ਥਾਣੇ ਬਿਠਾ ਲੈਣ ਪਰ ਉਹ ਉਥੇ ਜਾ ਕੇ ਬੈਠਿਆ ਤਾਂ ਉਨ੍ਹਾਂ ਦੀ ਜਵਾਈ ਬਣ ਕੇ ਬੈਠੇਗਾ। ਦਰਸ਼ਕਾਂ ਵਿਚ ਪੁਲੀਸ ਦੇ ਕਰਮਚਾਰੀ ਬੈਠੇ ਸਨ। ਉਨ੍ਹਾਂ ਨੇ ਇਸ ਵਾਰਤਾਲਾਪ 'ਤੇ ਕਾਫੀ ਇਤਰਾਜ਼ ਕੀਤਾ। ਮੈਂ ਵੀ ਮਹਿਸੂਸ ਕੀਤਾ ਕਿ ਵਾਰਤਾਲਾਪ ਵਿਚ ਐਸੇ ਸ਼ਬਦ ਨਹੀਂ ਹੋਣੇ ਚਾਹੀਦੇ ਜੋ ਗਾਲ੍ਹ ਦਾ ਪ੍ਰਭਾਵ ਦੇਣ। ਉਸੇ ਰਾਤ ਪੁਲੀਸ ਦੇ ਇਕ ਵੱਡੇ ਅਫਸਰ ਨਾਲ ਵੀ ਗੱਲਬਾਤ ਹੋਈ। ਉਹਨੇ ਵੀ ਰੋਸ ਪ੍ਰਗਟ ਕੀਤਾ ਕਿ ਇਕ ਪਾਸੇ ਸਾਡੇ ਟੱਬਰ ਅਤਿਵਾਦੀਆਂ ਦੇ ਹੱਥੋਂ ਮਾਰੇ ਜਾ ਰਹੇ ਹਨ ਤਾਂ ਦੂਜੇ ਪਾਸੇ ਨਾਟਕਾਂ ਵਿਚ ਉਨ੍ਹਾਂ ਨੂੰ ਗਾਲ੍ਹਾਂ ਵੀ ਕੱਢੀਆਂ ਜਾ ਰਹੀਆਂ ਹਨ। ਮੈਂ ਜਿਥੇ ਉਹਦੇ ਰੋਸ ਨੂੰ ਕੁਝ ਹੱਦ ਤਕ ਜਾਇਜ਼ ਮੰਨਿਆ ਉਥੇ ਉਹਨੂੰ ਇਹ ਵੀ ਯਾਦ ਕਰਵਾਇਆ ਕਿ ਜਿਸ ਤਰ੍ਹਾਂ ਉਨ੍ਹਾਂ ਨੂੰ ਤਕਲੀਫ ਹੋਈ ਹੈ, ਉਸੇ ਤਰ੍ਹਾਂ ਉਨ੍ਹਾਂ ਨੂੰ ਲੋਕਾਂ ਦੀ ਤਕਲੀਫ ਦਾ ਵੀ ਅਹਿਸਾਸ ਹੋਣਾ ਚਾਹੀਦਾ ਹੈ ਜਿਨ੍ਹਾਂ ਨੂੰ ਪੁਲੀਸ ਵਲੋਂ ਰੋਜ਼ ਹੀ ਇਹੋ ਜਿਹੀਆਂ ਗਾਲ੍ਹਾਂ ਸੁਣਨੀਆਂ ਪੈਂਦੀਆਂ ਹਨ। ਲੋੜ ਹੈ ਅਸੀਂ ਸਾਰੇ ਇਨਸਾਨੀ ਖਲੂਸ ਦੀਆਂ ਸੀਮਾਵਾਂ ਵਿਚ ਰਹੀਏ।